K-16 (8)

(i) Printed Pages : 3 Roll No. ...............................

(ii) Questions : 5 **Sub. Code :** | 1 | 0 | 5 | 3 | 3 |

**Exam. Code :** | 5 | 0 | 0 | 2 |

**Bachelor of Arts (FYUP) 2nd Semester**

**(2055)**

**PUNJABI**

**Paper : Punjabi Poetry and Grammar (PUN108)**

**(Common With B.Sc. General 2nd Sem. N.E.P., B.Sc. Data Analytics 2nd Sem. N.E.P. & Shastri 2nd Sem. N.E.P.)**

**Time Allowed : Three Hours]** **[Maximum Marks : 45**

**ਨੋਟ :—** (1) ਲਿਖਾਈ ਸੁੰਦਰ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

(2) ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

## ਯੂਨਿਟ–I

1. ਕਿਸੇ **ਇੱਕ** ਪ੍ਰਸ਼ਨ ਦਾ ਉੱਤਰ ਦਿਓ :

   (i) ਗਜ਼ਲ ਦੀ ਪਰਿਭਾਸ਼ਾ ਤੇ ਉਸ ਦੇ ਤੱਤਾਂ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿਉ।

   (ii) ਪ੍ਰਗੀਤ ਦੀ ਪਰਿਭਾਸ਼ਾ ਤੇ ਲੱਛਣ ਦੱਸੋ। 8

## ਯੂਨਿਟ–II

2. ਕਿਸੇ **ਦੋ** ਪ੍ਰਸ਼ਨਾਂ ਦਾ ਉੱਤਰ ਲਿਖੋ :

   (i) 'ਦੇਸ਼ ਪਿਆਰ' ਜਾਂ 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਦਾ ਵਿਸ਼ਾ-ਵਸਤੂ ਦੱਸੋ।

(ii) ਕਿਸੇ **ਦੋ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਜਵਾਨ ਪੰਜਾਬ ਦੇ

(ਅ) ਮਾਂ

(ੲ) ਧਰਤੀ ਦੇ ਹੇਠਾਂ।

(iii) ਸੁਰਜੀਤ ਪਾਤਰ ਦਾ ਜੀਵਨ, ਰਚਨਾ ਤੇ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਜਾਣਕਾਰੀ ਦਿਉ। 6×2=12

## ਯੂਨਿਟ–III

3. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਤੇ ਪੈਰਾ ਰਚਨਾ ਲਿਖੋ :

(i) ਪੰਜਾਬੀ ਮਾਂ ਬੋਲੀ

(ii) ਬਦਲ ਰਿਹਾ ਪੰਜਾਬੀ ਸੱਭਿਆਚਾਰ

(iii) ਲੋਕ ਨਾਚ ਗਿੱਧਾ। 5

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ :

ਬਿਨਾ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਦ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿੱਚ ਹਮੇਸ਼ਾ ਸਾੜ੍ਹੇ ਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ ਵਿਰੋਧ ਤੇ ਕਰੋਧ ਦਾ ਭਾਂਬੜ ਮੱਚਿਆ ਰਹੇ, ਉਹ ਸਰੀਰ ਕਿਸ ਤਰ੍ਹਾਂ ਅਰੋਗ ਰਹਿ ਸਕਦਾ ਹੈ ? ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਕਿ ਜੇ ਬਿਮਾਰ ਨੂੰ ਖੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇੱਕ ਮਹਾਤਮਾ ਨੇ ਕਿਹਾ ਹੈ ਕਿ ਚਿੰਤਾ ਚਿਖਾ ਦੇ ਸਮਾਨ ਹੈ। ਸਗੋਂ ਉਸ ਤੋਂ ਵਧੀਕ ਹੈ। ਚਿਤਾ ਤਾਂ ਇੱਕੋ ਦਿਨ ਸਾੜ ਕੇ ਸਰੀਕ ਨੂੰ ਸਵਾਹ ਕਰ ਦਿੰਦੀ ਹੈ। ਪਰ ਚਿੰਤਾ ਹਮੇਸ਼ਾ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਰੱਬ ਦੇ ਰਾਹ ਉੱਪਰ ਤੁਰਦਾ ਹੈ, ਉਸਦੀ ਚਿੰਤਾ ਮੁੱਕ ਜਾਂਦੀ ਹੈ ਅਤੇ ਅਹੰਕਾਰ ਮਿਟ ਜਾਂਦਾ ਹੈ। ਧਾਰਮਿਕ ਜੀਵਨ ਦਾ ਜੇ ਇਹ ਫਲ ਪ੍ਰਾਪਤ ਨਹੀਂ ਹੋਇਆ, ਤਾਂ ਅਸੀ ਅਸਲੀ ਧਰਮ ਨੂੰ ਸਮਝਿਆ ਨਹੀਂ। ਧਰਮ ਦੀ ਸਾਰੀ ਰਹਿਤ ਇੰਨ੍ਹਾਂ ਮਾਨਸਿਕ ਰੋਗਾਂ ਨੂੰ ਨਸ਼ਟ ਕਰਨ ਲਈ

ਹੈ। ਬੇਫਿਕਰ ਮਨ ਸਵਰਗ ਦਾ ਹੂਟਾ ਹੈ। ਜੇ ਮਨ ਅਰੋਗ ਹੋ ਜਾਵੇ, ਤਾਂ ਸਰੀਰ ਸੁਤੇ ਹੀ ਅਰੋਗ ਰਹਿੰਦਾ ਹੈ। ਦਸਮ ਪਿਤਾ ਨੇ ਫਰਮਾਇਆ ਹੈ, "ਸਦਾ ਰਹੇ ਕੰਚਨ ਸੀ ਕਾਇਆ, ਉਨ੍ਹਾਂ ਦੀ ਜਿੰਨ੍ਹਾ ਮਨ ਅਰੋਗ ਕਰ ਲਿਆ ਹੈ"। 5

## ਯੂਨਿਟ–IV

5. (ੳ) ਹੇਠ ਲਿਖੇ ਅਖਾਣਾਂ ਵਿੱਚੋਂ **ਪੰਜ** ਦੀ ਵਾਕਾਂ ਵਿੱਚ ਵਰਤੋ ਕਰੋ :

(i) ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ

(ii) ਘਰ ਵਸਦਿਆ ਦੇ, ਸਾਕ ਮਿਲਦਿਆ ਦੇ ਤੇ ਖੇਤ ਵਾਹੁੰਦਿਆਂ ਦੇ

(iii) ਕਾਹਲੀ ਦੀ ਘਾਣੀ ਅੱਧਾ ਤੇਲ ਤੇ ਅੱਧਾ ਪਾਣੀ

(iv) ਖਵਾਜੇ ਦਾ ਗਵਾਹ ਡੱਡੂ

(v) ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ

(vi) ਈਦ ਪਿਛੋ ਤੂੰਬਾਂ ਫੂਕਣਾ

(vii) ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ 5

(ਅ) ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਪੰਜ** ਦੇ ਵਾਚ ਬਦਲੋ :

(i) ਮੈਂ ਸੱਪ ਨੂੰ ਮਾਰ ਦਿੱਤਾ।

(ii) ਖਿਡਾਰੀ ਮੈਚ ਖੇਡ ਰਹੇ ਹਨ।

(iii) ਉਹ ਪੁਸਤਕ ਪੜ੍ਹਦਾ ਹੈ।

(iv) ਬਲਜੀਤ ਨੇ ਚਾਹ ਪੀਤੀ।

(v) ਸਦਾ ਸੱਚ ਬੋਲੋ।

(vi) ਉਸਨੇ ਗਲਾਸ ਤੋੜ ਦਿੱਤਾ। 5

(ੲ) ਹੇਠ ਲਿਖੇ ਪਿਛੇਤਰਾਂ ਵਿੱਚੋਂ ਕਿਸੇ **ਪੰਜਾਂ** ਦੀ ਵਰਤੋ ਕਰਕੇ **ਦੋ–ਦੋ** ਸ਼ਬਦ ਬਣਾਓ :

ਵਰ, ਵਾਲ, ਖੋਰ, ਸ਼ਾਲਾ, ਸਾਰ, ਕਾਰੀ, ਪਣ। 5